**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ।**

**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ।**

ਸੇਵਾ ਵਿਖੇ

ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

ਮੀਮੋ ਨੰ ਸਸਅ/ਟੀਬੀ/22396
ਮਿਤੀ ਚੰਡੀਗੜ੍ਹ 27 ਜਨਵਰੀ, 2010

ਵਿਸ਼ਾ ਰਾਜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਰੈਸ਼ਨੈਲਾਈਜ਼ੇਸ਼ਨ ਪਾਲਿਸੀ ਤਹਿਤ ਜਾਰੀ ਕੀਤੇ ਗਏ ਹੁਕਮਾਂ ਦੀ ਪਾਲਣਾ ਕਰਨ ਅਤੇ ਸਕੂਲਾਂ ਵਿੱਚ ਵੱਧ ਤੋਂ ਵੱਧ ਬੱਚਿਆਂ ਦੀ ਐਨਰੋਲਮੈਂਟ ਨੂੰ ਯਕੀਨੀ ਬਣਾਉਣ ਬਾਰੇ ।

1.0 ਉਪਰੋਕਤ ਵਿਸ਼ੇ ਤੇ ਸਮੇਂ ਸਮੇਂ ਸਿਰ ਸਰਕਾਰ ਵੱਲੋਂ ਜਾਰੀ ਕੀਤੀ ਗਈਆਂ ਹਦਾਇਤਾਂ ਅਤੇ ਹੁਕਮਾਂ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੈ ਕਿ ਆਪ ਜੀ ਤੋਂ ਲੋੜੀਂਦਾ ਮਸੌਦਾ ਪ੍ਰਾਪਤ ਕਰਨ ਉਪਰੰਤ ਸਰਕਾਰ ਵੱਲੋਂ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਅਨੁਸਾਰ ਲੋੜਵੰਦ ਸਕੂਲਾਂ ਵਿੱਚ ਅਧਿਆਪਕ ਮੁਹੱਈਆ ਕਰਵਾਉਣ ਲਈ ਹੁਕਮ ਜਾਰੀ ਕੀਤੇ ਗਏ ਸਨ । ਆਪ ਜੀ ਨੂੰ ਸ਼ਖਤ ਹਦਾਇਤਾਂ ਕੀਤੀਆਂ ਗਈਆਂ ਸਨ ਕਿ ਇਨ੍ਹਾਂ ਹੁਕਮਾਂ ਦੀ ਤੁਰੰਤ ਪਾਲਣਾ ਕਰਵਾਈ ਜਾਵੇ । ਇਸ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਕੁੱਝ ਤਬਦੀਲੀਆਂ ਬਾਰੇ ਸੂਚੀਆਂ ਵੀ ਪ੍ਰਾਪਤ ਹੋਈਆਂ ਸਨ ਜੋ ਕਿ ਪ੍ਰਵਾਨਗੀ ਉਪਰੰਤ ਆਪ ਜੀ ਨੂੰ ਭੇਜ ਦਿੱਤੀ ਗਈ ਸੀ ।

3.0 ਪਰੰਤੂ ਬੜੇ ਅਫਸੋਸ ਦੀ ਗੱਲ ਹੈ ਕਿ ਅਜੇ ਵੀ ਆਪ ਜੀ ਵੱਲੋਂ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕਰਵਾਈ ਗਈ ਹੈ । ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਉਨ੍ਹਾਂ ਸਾਰੇ ਕੇਸਾਂ ਦੇ ਵੇਰਵੇ 10.2.2010 ਤੀਕ ਸਰਕਾਰ ਨੂੰ ਦਿੱਤੇ ਜਾਣ ਜਿਨ੍ਹਾਂ ਵਿੱਚ ਹੁਕਮਾਂ ਦੀ ਪਾਲਣਾ ਨਹੀਂ ਕਰਵਾਈ ਗਈ । ਇਹ ਦੱਸਿਆ ਜਾਵੇ ਕਿ ਇਹ ਹੁਕਮ ਆਪ ਜੀ ਵੱਲੋਂ ਕਿਉਂ ਲਾਗੂ ਨਹੀਂ ਕਰਵਾਏ ਗਏ।

4.0 ਇਸ ਦੇ ਨਾਲ ਹੀ ਆਪ ਜੀ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਅਗਲੇ ਅਕਾਦਮਿਕ ਸ਼ੈਸ਼ਨ ਲਈ ਵੀ ਪੰਜਾਬ ਰਾਜ ਦੇ ਸਕੂਲਾਂ ਵਿੱਚ ਵੱਧ ਤੋਂ ਵੱਧ ਐਨਰੋਲਮੈਂਟ ਕਰਵਾਉਣ ਲਈ ਯਤਨ ਹੁਣ ਤੋਂ ਹੀ ਸ਼ੁਰੂ ਕਰ ਦਿੱਤੇ ਜਾਣ । ਇਹ ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਪ੍ਰਾਈਵੇਟ ਸਕੂਲਾਂ ਦੀ ਮੈਨੇਜਮੈਂਟਸ ਵੱਲੋਂ ਜਨਵਰੀ ਵਿੱਚ ਹੀ ਬੱਚਿਆਂ ਨੂੰ ਐਨਰੋਲ ਕਰ ਲਿਆ ਜਾਂਦਾ ਹੈ । ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਹਰੇਕ ਸਕੂਲ ਵਿੱਚ ਪੇਂਡੂ ਸਿੱਖਿਆ ਵਿਕਾਸ ਕਮੇਟੀ ਨਾਲ ਰਾਬਤਾ ਪੈਦਾ ਕਰਦੇ ਹੋਏ ਅਤੇ ਆਂਗਨਵਾੜੀ ਵਰਕਰਾਂ ਦੀ ਮਦਦ ਲੈ ਕੇ ਸਕੂਲਾਂ ਦੀ ਐਨਰੋਲਮੈਂਟ ਵਧਾਈ ਜਾਵੇ । ਇਨ੍ਹਾਂ ਬੱਚਿਆ ਦੇ ਦਾਖਲੇ ਹੁਣ ਤੋਂ ਹੀ ਸ਼ੁਰੂ ਕਰ ਦਿੱਤੇ ਜਾਣ ਭਾਵੇਂ ਕਿ ਇਨ੍ਹਾਂ ਬੱਚਿਆਂ ਦੀ ਪੜ੍ਹਾਈ 01 ਅਪ੍ਰੈਲ, 2010 ਤੋਂ ਕਰਵਾਈ ਜਾਵੇਗੀ ।

5.0 ਆਪ ਜੀ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਸਕੂਲਾਂ ਵਿੱਚ ਹੋਈ ਐਨਰੋਲਮੈਂਟ ਦੇ ਮੱਦੇ ਨਜ਼ਰ ਸਰਕਾਰ ਦੀ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਤਹਿਤ ਆਪਣੇ ਜ਼ਿਲ੍ਹੇ ਦੀ ਤਜਵੀਜ਼ ਵੀ 20.4.2010 ਤੀਕ ਭੇਜੀ ਜਾਵੇ ਤਾਂ ਜੋ ਇਹ ਸਾਰਾ ਕੰਮ 30 ਅਪ੍ਰੈਲ, 2010 ਤੀਕ ਸਿਰੇ ਚਾੜ੍ਹਿਆ ਜਾ ਸਕੇ ਤਾਂ ਜੋ ਇਸ ਉਪਰੰਤ ਰੈਸ਼ਨੇਲਾਈਜ਼ੇਸ਼ਨ ਪਾਲਿਸੀ ਤਹਿਤ ਬਾਅਦ ਵਿੱਚ ਕੋਈ ਟਰਾਂਸਫਰ ਨਾ ਕਰਨੀ ਪਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।